2022/3615
16/11/2022

# ਦਫ਼ਤਰ ਜ਼ਿਲ੍ਹਾ ਚੋਣ ਅਫਸਰ, ਬਠਿੰਡਾ


*OFFICE DISTRICT ELECTION OFFICER. BATHI*
*(Room No. 303, 2nd Floor Mini Secretariat)*
*Phone No. 0164-2211022 E-mail :-etbtd@punjab.gov....*


PUNJAB VOTES

ਵੱਲ

ਜਿਲ੍ਹਾ ਸਿੱਖਿਆ ਅਫਸਰ(ਸੈਕੰਡਰੀ)
ਬਠਿੰਡਾ।

ਪੱਤਰ ਨੰ. ਚੋਣ-2022/6562
ਮਿਤੀ: 16/11/2022

ਵਿਸ਼ਾ: ਵੋਟਰ ਸੂਚੀਆਂ ਦੀ ਸਰਸਰੀ ਸੁਧਾਈ 01-01-2023 ਅਨੁਸਾਰ 18 -19 ਸਾਲ ਦੇ ਵਿਦਿਆਰਥੀਆਂ ਦੀ Enrollment ਲਈ ਡਾਕਊਮੈਂਟਸ ਇਕੱਠੇ ਕਰਨ ਸਬੰਧੀ।

ਹਵਾਲਾ: ਇਸ ਦਫ਼ਤਰ ਦੇ ਪੱਤਰ ਨੰ. ਚੋਣ-2022/6309 ਮਿਤੀ 14-10-2022 ਦੇ ਸਬੰਧ ਵਿੱਚ।

ਉਪਰੋਕਤ ਵਿਸ਼ੇ ਅਤੇ ਹਵਾਲਾ ਪੱਤਰ ਦੇ ਸਬੰਧ ਵਿੱਚ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਯੋਗਤਾ ਮਿਤੀ 01.01.2023 ਅਨੁਸਾਰ ਨੌਜਵਾਨ ਵੋਟਰਾਂ ਦੀ ਭਾਗੀਦਾਰੀ ਨੂੰ ਯਕੀਨੀ ਬਣਾਉਣ ਲਈ ਮੁੱਖ ਚੋਣ ਅਫਸਰ ਪੰਜਾਬ ਜੀ ਵਲੋ ਸਵੀਪ ਗਤੀਵਿਧੀਆਂ ਅਧੀਨ ਉਪਰਾਲੇ ਕੀਤੇ ਜਾ ਰਹੇ ਹਨ। ਸਪੈਸ਼ਲ ਸਮਰੀ ਰਵੀਜਨ ਦੇ ਅਨੁਸਾਰ ਵੋਟਰ ਰਜਿਸਟਰੇਸ਼ਨ ਦਾ ਕੰਮ ਮਿਤੀ 09-11-2022 ਤੋਂ ਸ਼ੁਰੂ ਹੋ ਚੁੱਕਾ ਹੈ ਇਸ ਅਨੁਸਾਰ ਕੋਈ ਵੀ ਵਿਦਿਆਰਥੀ ਜੋ ਮਿਤੀ 01-01-2023 ਤੱਕ 18 ਸਾਲ ਦੀ ਉਮਰ ਪੂਰੀ ਕਰ ਚੁੱਕਾ ਹੈ ਉਸਦੀ ਵੋਟ ਰਜਿਸਟਰੇਸ਼ਨ ਨੂੰ ਯਕੀਨੀ ਬਣਾਇਆ ਜਾਣਾ ਹੈ। ਇਸ ਮੰਤਵ ਦੀ ਪੂਰਤੀ ਹੇਤੂ ਆਪ ਜੀ ਵਲੋਂ ਆਪਣੇ ਅਧੀਨ ਆਉਂਦੇ ਸਕੂਲਾਂ ਨੂੰ ਹਦਾਇਤ ਕੀਤੀ ਜਾਵੇ ਕਿ ਉਹ ਸਕੂਲਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਤੋਂ ਹੇਠ ਲਿਖਿਤ ਦਸਤਾਵੇਜ ਇਕੱਠੇ ਕਰਕੇ ਵੋਟ ਰਜਿਸਟਰੇਸ਼ਨ ਦਾ ਕੰਮ ਸ਼ੁਰੂ ਕਰ ਦੇਣ ਅਤੇ ਵੋਟ ਰਜਿਸਟਰੇਸ਼ਨ ਉਪਰੰਤ ਪ੍ਰਾਪਤ ਰੈਫਰੈਂਸ ਨੰ. ਦੀ ਹਫਤਾਵਾਰੀ ਰਿਪੋਰਟ ਈ.ਐਲ.ਸੀ. ਨੋਡਲ ਅਫ਼ਸਰਾਂ ਦੇ ਬਣੇ ਵਟੱਸਐਪ ਗਰੁੱਪਾ ਵਿੱਚ ਭੇਜਣੀ ਯਕੀਨੀ ਬਣਾਉਣ।

ਵੋਟ ਰਜਿਸਟਰੇਸ਼ਨ ਕਰਨ ਲਈ ਜਰੂਰੀ ਦਸਤਾਵੇਜ:

1. ਪਾਸਪੋਰਟ ਸਾਈਜ ਰੰਗਦਾਰ ਫੋਟੋ
2. ਜਨਮ ਮਿਤੀ ਦਾ ਸਬੂਤ
3. ਆਧਾਰ ਕਾਰਡ/ਰਿਹਾਇਸ਼ ਦਾ ਸਬੂਤ
4. ਪਰਿਵਾਰ ਵਿਚੋਂ ਕਿਸੇ ਇੱਕ ਮੈਂਬਰ ਜਾਂ ਕਿਸੇ ਗੁਆਂਢੀ ਦੇ ਵੋਟਰ ਕਾਰਡ ਦੀ ਕਾਪੀ

ਵੋਟ ਰਜਿਸਟਰੇਸ਼ਨ ਭਾਰਤ ਚੋਣ ਕਮਿਸ਼ਨ ਦੇ ਵੋਟਰ ਹੈਲਪਲਾਈਨ ਐਪ, ਐਨ.ਵੀ.ਐਸ.ਪੀ. ਪੋਰਟਲ ਰਾਹੀਂ ਆਨਲਾਈਨ ਜਾਂ ਬੀ.ਐਲ.ਓ. ਰਾਹੀਂ ਫਾਰਮ ਨੰ. 6 ਭਰ ਕੇ ਆਫਲਾਈਨ ਕੀਤੀ ਜਾ ਸਕਦੀ ਹੈ।

(ਦਸਤਖਤ)
ਵਾਸਤੇ ਜਿਲ੍ਹਾ ਚੋਣ ਅਫਸਰ
ਬਠਿੰਡਾ।

ਪਿੱਠ ਅੰਕਣ ਨੰ. ਚੋਣ-2022/6563 ਮਿਤੀ: 16/11/2022

ਉਪਰੋਕਤ ਦਾ ਉਤਾਰਾ ਸਹਾਇਕ ਨੋਡਲ ਅਫਸਰ ਸਵੀਪ ਬਠਿੰਡਾ ਸ੍ਰੀ ਸੁਰੇਸ਼ ਗੌੜ ਜੀ ਨੂੰ ਜਾਣਕਾਰੀ ਅਤੇ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

(ਦਸਤਖਤ)
ਵਾਸਤੇ ਜਿਲ੍ਹਾ ਚੋਣ ਅਫਸਰ
ਬਠਿੰਡਾ।

ਦਫ਼ਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ
ਪੱਤਰ ਨੰ ਜੀ.ਪੀ./1/2022/163 ਮਿਤੀ: 17/11/2022
ਉਕਤ ਦਾ ਉਤਾਰਾ ਜ਼ਰੂਰੀ ਕਾਰਵਾਈ ਲਈ ਸਕੂਲ ਮੁਖੀਆਂ ਨੂੰ ਭੇਜਿਆ ਜਾਂਦਾ ਹੈ
Ero (P.S.) System
17/11
ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ